# ਪ੍ਰਧਾਨ ਮੰਤਰੀ ਨੇ ਭਗਵਾਨ ਬੁੱਧ ਦੇ ਆਦਰਸ਼ਾਂ ਦੀ ਸ਼ਲਾਘਾ ਕੀਤੀ

ਮਾਰਚ 05, 2024

ਥਾਈਲੈਂਡ ਵਿੱਚ ਲੱਖਾਂ ਸ਼ਰਧਾਲੂਆਂ ਨੇ 23 ਫਰਵਰੀ ਤੋਂ ਲੈ ਕੇ 3 ਮਾਰਚ, 2024 ਤੱਕ ਬੈਂਕਾਕ ਵਿੱਚ ਭਗਵਾਨ ਬੁੱਧ ਅਤੇ ਉਨ੍ਹਾਂ ਦੇ ਚੇਲਿਆਂ ਅਰਹੰਤ ਸਾਰਿਪੁਤਾ ਅਤੇ ਅਰਹੰਤ ਮਹਾ ਮੋਗਲਾਨਾ ਦੇ ਪਵਿੱਤਰ ਅਵਸ਼ੇਸ਼ਾਂ ਨੂੰ ਮੱਥਾ ਟੇਕਿਆ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਭਗਵਾਨ ਬੁੱਧ ਦੇ ਆਦਰਸ਼ਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਨੇ ਸ਼ਰਧਾਲੂਆਂ ਨੂੰ ਚਿਆਂਗ ਮਾਈ, ਉਬੋਨ ਰਤਚਾਥਾਨੀ ਅਤੇ ਕਰਬੀ ਵਿਖੇ ਮੱਥਾ ਟੇਕਣ ਦੀ ਅਪੀਲ ਕੀਤੀ, ਜਿੱਥੇ ਆਉਣ ਵਾਲੇ ਦਿਨਾਂ ਵਿੱਚ ਅਵਸ਼ੇਸ਼ ਰੱਖੇ ਜਾਣਗੇ।

ਪ੍ਰਧਾਨ ਮੰਤਰੀ ਨੇ ਐਕਸ 'ਤੇ ਪੋਸਟ ਕੀਤਾ:

"ਭਗਵਾਨ ਬੁੱਧ ਦੇ ਆਦਰਸ਼ ਭਾਰਤ ਅਤੇ ਥਾਈਲੈਂਡ ਵਿਚਕਾਰ ਇੱਕ ਅਧਿਆਤਮਿਕ ਪੁਲ ਦੇ ਰੂਪ ਵਿੱਚ ਕੰਮ ਕਰਦੇ ਹਨ, ਜੋ ਇੱਕ ਡੂੰਘੇ ਜੜ੍ਹਾਂ ਵਾਲੇ ਸਬੰਧ ਨੂੰ ਵਧਾਵਾ ਦਿੰਦੇ ਹਨ। ਮੈਨੂੰ ਖੁਸ਼ੀ ਹੈ ਕਿ ਸ਼ਰਧਾਲੂਆਂ ਨੂੰ ਅਧਿਆਤਮਿਕ ਤੌਰ 'ਤੇ ਭਰਪੂਰ ਅਨੁਭਵ ਮਿਲਿਆ ਅਤੇ ਮੈਂ ਸ਼ਰਧਾਲੂਆਂ ਨੂੰ ਚਿਆਂਗ ਮਾਈ, ਉਬੋਨ ਰਤਚਾਥਾਨੀ ਅਤੇ ਕਰਬੀ ਵਿਖੇ ਮੱਥਾ ਟੇਕਣ ਦੀ ਅਪੀਲ ਕਰਦਾ ਹਾਂ, ਜਿੱਥੇ ਆਉਣ ਵਾਲੇ ਦਿਨਾਂ ਵਿੱਚ ਅਵਸ਼ੇਸ਼ ਰੱਖੇ ਜਾਣਗੇ।"

**ਨਵੀਂ ਦਿੱਲੀ**

**ਮਾਰਚ 05, 2024**